ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 16 ਅਪ੍ਰੈਲ, 2000

# ਸਰਮਾਏਦਾਰੀ ਆਰਥਿਕਤਾ ਅਤੇ ਸਮਾਜਵਾਦੀ ਆਰਥਿਕਤਾ

ਵਿਚਾਰ-ਚਰਚਾ

ਗੁਰਸ਼ਰਨ ਸਿੰਘ



ਹੁਣ ਜਦੋਂ ਕਿ ਦੇਸ਼ ਦੀ ਆਰਥਿਕ ਨੀਤੀ ਬਾਰੇ ਸਮੇਂ ਦੀ ਸਰਕਾਰ ਨੇ ਫੈਸਲਾ ਲੈ ਹੀ ਲਿਆ ਹੈ ਤਾਂ ਖੱਬੀ ਧਿਰ ਦੇ ਆਰਥਿਕ ਮਾਹਿਰਾਂ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਲੋਕਾਂ ਨੂੰ ਚੇਤਨ ਕਰਨ ਕਿ ਸਰਮਾਏਦਾਰੀ ਆਰਥਿਕਤਾ ਅਤੇ ਸਮਾਜਵਾਦੀ ਆਰਥਿਕਤਾ ਵਿਚ ਕੀ ਫ਼ਰਕ ਹੈ ਅਤੇ ਸਰਮਾਏਦਾਰੀ ਆਰਥਿਕਤਾ ਦੀ ਅਸਲੀਅਤ ਦੀ ਲੋਕਾਂ ਨੂੰ ਪਹਿਚਾਣ ਕਰਵਾਉਣ। ਇਹ ਸਾਫ਼ ਹੈ ਕਿ ਭਾਜਪਾ ਵੱਲੋਂ ਅਤੇ ਉਹਦੇ ਸਹਿਯੋਗੀਆਂ ਨੇ ਖੁੱਲ੍ਹੀ ਮੰਡੀ ਦੀ ਆਰਥਿਕਤਾ ਜੋ ਪੂਰੀ ਤਰ੍ਹਾਂ ਸਰਮਾਏਦਾਰੀ ਆਰਥਿਕਤਾ ਹੈ, ਅਪਣਾ ਲਈ ਹੈ। ਕਾਂਗਰਸ ਪਾਰਟੀ ਵੀ ਆਪਣੇ ਜਮਾਤੀ ਹਿੱਤਾਂ ਕਰਕੇ ਇਸ ਆਰਥਿਕਤਾ ਦੀ ਸਮਰਥਕ ਹੈ। ਅਸਲ ਵਿਚ ਇਸ ਆਰਥਿਕ ਨੀਤੀ ਦੀ ਨੀਂਹ ਕਾਂਗਰਸ ਪਾਰਟੀ ਨੇ ਹੀ 1991 ਵਿਚ ਰੱਖ ਦਿੱਤੀ ਸੀ।

ਸਰਮਾਏਦਾਰੀ ਆਰਥਿਕਤਾ ਦਾ ਨਾਭੀ ਨੁਕਤਾ ਮੁਨਾਫ਼ਾ ਹੈ। ਇਹ ਉਹਦੇ ਆਲੇ-ਦੁਆਲੇ ਹੀ ਘੁੰਮਦੀ ਹੈ। ਇਸਦੇ ਉਲਟ ਸਮਾਜਵਾਦੀ, ਆਰਥਿਕਤਾ ਦਾ ਨਾਭੀ ਨੁਕਤਾ ਸਮਾਜਿਕ ਭਲਾਈ ਹੁੰਦਾ ਹੈ। ਇਨ੍ਹਾਂ ਦੋਨਾਂ ਆਰਥਿਕ ਪ੍ਰਬੰਧਾਂ ਦਾ ਲੀਕ ਖਿੱਚ ਕੇ ਫ਼ਰਕ ਹੈ। ਹਿੰਦੋਸਤਾਨ ਦੀ ਪਿਛਲੇ 52 ਸਾਲਾਂ ਦੀ ਆਰਥਿਕਤਾ ਵਿਚ ਵਿਚਾਲੇ ਦੀ ਸੀ। ਇਸ ਵਿਚ ਨਿੱਜੀ ਅਦਾਰੇ ਵੀ ਕੰਮ ਕਰਦੇ ਸਨ ਅਤੇ ਪਬਲਿਕ ਅਦਾਰੇ ਵੀ ਕੰਮ ਕਰਦੇ ਸਨ । ਨਿੱਜੀ ਅਦਾਰਿਆਂ ਦਾ ਸਾਰਾ ਸੰਕਲਪ ਮੁਨਾਫ਼ਾ ਕਮਾਉਣਾ ਸੀ ਜਦੋਂ ਕਿ ਪਬਲਿਕ ਅਦਾਰੇ ਲੋਕ ਸੇਵਾ ਦਾ ਦਾਅਵਾ ਕਰਦੇ ਸਨ। ਮੁਨਾਫ਼ੇ ਦੀ ਥਾਂ ਸਰਕਾਰੀ ਖ਼ਜ਼ਾਨੇ ਵਿਚੋਂ ਉਨ੍ਹਾਂ ਲਈ ਸਹਾਇਤਾ ਦੀ ਗੁੰਜਾਇਜ਼ ਰੱਖੀ ਜਾਂਦਾ ਸੀ। ਇਹ ਵੀ ਹੁਣ ਮੰਨੀ ਜਾਣ ਵਾਲੀ ਸੱਚਾਈ ਹੈ ਕਿ ਪਬਲਿਕ ਅਦਾਰਿਆਂ ਵਿਚ ਉਹ ਕਾਰਜਕੁਸ਼ਲਤਾ ਨਹੀਂ ਵੇਖਣ ਨੂੰ ਮਿਲੀ ਜੋ ਕਾਰਜਕੁਸ਼ਲਤਾ ਮੁਨਾਫ਼ੇ ਵਾਲੇ ਨਿੱਜੀ ਅਦਾਰਿਆਂ ਵਿਚ ਵੇਖਣ ਨੂੰ ਮਿਲਦੀ ਹੈ। ਇਸ ਸੰਦਰਭ ਵਿਚ ਬੈਂਕ ਆਫ ਪੰਜਾਬ ਦੀ ਮਿਸਾਲ ਲੈ ਸਕਦੇ ਹਾਂ। ਅਸੀਂ ਕੁਝ ਵੀ ਕਾਰਨ ਦੇਈਏ, ਬੈਂਕ ਆਫ਼ ਪੰਜਾਬ ਦੀ ਗਾਹਕਾਂ ਦੀ ਸੇਵਾ ਦਾ ਮਿਆਰ ਦੂਜੇ ਰਾਸ਼ਟਰੀ ਪ੍ਰਬੰਧ ਵਾਲੇ ਬੈਂਕਾਂ ਤੋਂ ਬਿਹਤਰ ਹੈ। ਹੁਣ ਬੱਸਾਂ ਬਾਰੇ ਵੀ ਕਹਿ ਸਕਦੇ ਹਾਂ ਕਿ ਪ੍ਰਾਈਵੇਟ ਬੱਸ ਵਾਲੇ ਭਾਵੇਂ ਲੋਕਾਂ ਦੀ ਛਿੱਲ ਲਾਹੁੰਦੇ ਹਨ, ਪਰ ਜੇਕਰ ਰੋਡਵੇਜ਼ ਦੀ ਸਰਵਿਸ ਬੰਦ ਹੋ ਜਾਏ, ਲੋਕਾਂ ਵੱਲੋਂ ਕੋਈ ਰੋਸ ਦਾ ਪ੍ਰਗਟਾਵਾ ਨਹੀਂ ਹੋਵੇਗਾ ਕਿਉਂਕਿ ਰੋਡਵੇਜ਼ ਦੀ ਕਾਰਜਕੁਸ਼ਲਤਾ ਪ੍ਰਾਈਵੇਟ ਅਦਾਰਿਆਂ ਨਾਲੋਂ ਬਿਹਤਰ ਨਹੀਂ ਹੈ।

ਖੱਬੀ ਧਿਰ ਦੇ ਆਰਥਿਕ ਮਾਹਿਰਾਂ ਲਈ ਇਹ ਇਕ ਚੁਣੌਤੀ ਹੈ ਕਿ ਉਨ੍ਹਾਂ ਨੇ ਸਾਬਤ ਕਰਨਾ ਹੈ ਕਿ ਸਮਾਜਵਾਦੀ ਆਰਥਿਕਕਤਾ ਕਿਸ ਤਰ੍ਹਾਂ ਸਾਧਾਰਨ ਲੋਕਾਂ ਲਈ ਸਰਮਾਏਦਾਰੀ ਆਰਥਿਕਤਾ ਨਾਲੋਂ ਵੱਧ ਲਾਹੇਵੰਦ ਹੈ। ਸਰਮਾਏਦਾਰੀ ਪ੍ਰਬੰਧ ਭਾਵੇਂ 'ਮੁਨਾਫ਼ੇ' ਦੇ ਦੁਆਲੇ ਘੁੰਮਦਾ ਹੈ , ਪਰ ਇਹ ਵੀ ਸੱਚ ਹੈ ਕਿ ਇਹ ਪ੍ਰਬੰਧ ਆਪਣੀ ਸਾਖ ਬਣਾਉਣ ਲਈ ਖਪਤਕਾਰਾਂ ਨੂੰ ਸਹੂਲਤਾਂ ਦੇਣ ਦੀ ਸਮਰੱਥਾ ਆਪਣੇ ਵਿਚ ਰੱਖਦਾ ਹੈ। ਕਨੇਡਾ ਅਤੇ ਯੂਰਪ ਬਹੁਤ ਸਾਰੇ ਦੇਸ਼ ਇਸ ਪ੍ਰਬੰਧ ਥੱਲੇ ਚਲਦੇ ਹਨ। ਉਹ ਲੋਕਾਂ ਨੂੰ ਸਹੂਲਤਾਂ ਦੇਂਦੇ ਹਨ। ਉਹ ਇਸ ਗੱਲ ਦਾ ਧਿਆਨ ਵੀ ਰੱਖਦੇ ਹਨ ਕਿ ਗਰੀਬਾਂ ਨੂੰ ਰਾਹਤ ਦਿੱਤੀ ਜਾਵੇ। ਇਹ ਉਨ੍ਹਾਂ ਦੀ ਕਾਰਜਸ਼ੀਲਤਾ ਦੀ ਕਸੌਟੀ ਹੈ।

ਟੈਕਸ ਵੀ ਬਹੁਤ ਲਗਾਉਂਦੇ ਹਨ ਤੇ ਸਹੂਲਤਾਂ ਵੀ ਮੁਹੱਈਆ ਕਰਦੇ ਹਨ। ਪਰ ਉਨ੍ਹਾਂ ਦੇ ਪ੍ਰਬੰਧ ਦੀ ਵੱਡੀ ਸੀਮਾ ਹੈ, ਜੋ ਸਮਾਜਵਾਦੀ ਆਰਥਿਕਤਾ ਨੇ ਨੋਟ ਕਰਨੀ ਹੈ, ਉਹ ਸਮਾਜਿਕ ਨਿਆਂ ਦੀ ਗ਼ੈਰ ਹਾਜ਼ਰੀ ਹੈ। ਉਨ੍ਹਾਂ ਦੀ ਐਲਾਨੀਆ ਨੀਤੀ ਹੈ, ਜੇਕਰ ਕੋਈ ਪੈਸੇ ਨਾਲ ਕੋਈ ਸਹੂਲਤ ਖਰੀਦ ਸਕਦਾ ਹੈ ਤਾਂ ਉਹਦਾ ਹੱਕ ਹੈ ਕਿ ਉਹ ਖਰੀਦ ਲਵੇ। ਉਹਨੂੰ ਮਨਾਹੀ ਕਿਉਂ ਹੋਵੇ? ਹਸਪਤਾਲ ਵਿਚ ਉਹ ਮਹਿੰਗੇ ਤੋਂ ਮਹਿੰਗਾ ਇਲਾਜ ਕਿਉਂ ਨਾ ਕਰਵਾਏ? ਜਿਹੜਾ ਨਹੀਂ ਖ਼ਰੀਦ ਸਕਦਾ, ਉਹਦੇ ਲਈ ਰੈਡ ਕਰਾਸ ਦੀ ਮਦਦ ਆ ਸਕਦੀ ਹੈ, ਯਾਨੀ ਉਹ 'ਤਰਸ' ਦਾ ਪਾਤਰ ਬਣਕੇ ਇਹ ਸਹੂਲਤ ਬੇਸ਼ੱਕ ਲੈ ਲਵੇ। ਇਹਦੇ ਵਾਸਤੇ ਉਨ੍ਹਾਂ ਨੇ ਗੁੰਜਾਇਸ਼ ਰੱਖੀ ਹੋਈ ਹੈ। ਉਹ ਗਰੀਬ ਬੰਦਾ ਇਹ ਸਹੂਲਤ ਹੱਕ ਸਮਝਕੇ ਨਹੀਂ ਲੈ ਸਕਦਾ। ਇਸਦੇ ਉਲਟ ਚੀਨ ਅਤੇ ਕਿਊਬਾ ਵਿਚ ਇਹ ਸਹੂਲਤ ਬੁਨਿਆਦੀ ਹੱਕ ਸਮਝਕੇ ਮੁਹੱਈਆ ਕੀਤੀ ਜਾਂਦੀ ਹੈ। ਸਮਾਜਵਾਦੀ ਪ੍ਰਬੰਧ ਵਿਚ ਬਰਾਬਰ ਦੀਆਂ ਵਿੱਦਿਆ ਅਤੇ ਸਿਹਤ ਸਹੂਲਤਾਂ ਇਕ ਨਾਗਰਿਕ ਦੀਆਂ ਬੁਨਿਆਦੀ ਹੱਕਾਂ ਵਿਚ ਆਂਦੀਆਂ ਹਨ। ਇਹ ਫ਼ਰਕ ਸਾਧਾਰਨ ਲੋਕਾਂ ਦੀ ਸਮਝ ਵਿਚ ਆਉਣਾ ਚਾਹੀਦਾ ਹੈ।

ਸਾਡੇ ਦੇਸ਼ ਦੀ ਆਰਥਿਕਤਾ ਇਸ ਵੇਲੇ ਸੰਕਟ ਵਿਚ ਹੈ। ਵਿੱਦਿਆ ਅਤੇ ਡਾਕਟਰੀ ਸਹੂਲਤਾਂ ਸਾਧਾਰਨ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ। ਇਸ ਸੰਕਟ ਦੀ ਮਿਲਗੋਭਾ ਆਰਥਿਕਤਾ ਉਤੇ ਜ਼ਿੰਮੇਵਾਰੀ ਸੁੱਟਕੇ ਨਿੱਜੀਕਰਨ ਦਾ ਅਮਲ ਸਰਕਾਰ ਨੇ ਸ਼ੁਰੂ ਕੀਤਾ ਹੋਇਆ ਹੈ ਅਤੇ ਲੋਕਾਂ ਵੱਲੋਂ ਲੋੜੀਂਦੀ ਵਿਰੋਧਤਾ ਨਹੀਂ ਹੋ ਰਹੀ। ਪੈਸੇ ਵਾਲੇ ਲੋਕਾਂ ਵੱਲੋਂ ਹੋਣੀ ਵੀ ਨਹੀਂ, ਇਹ ਗਰੀਬ ਲੋਕਾਂ ਵੱਲੋਂ ਹੋਣੀ ਹੀ ਬਣਦੀ ਹੈ। ਇਹ ਹੋਵੇਗੀ ਤਾਂ ਹੀ ਜੇਕਰ ਉਨ੍ਹਾਂ ਨੂੰ ਚੇਤਨ ਕੀਤਾ ਜਾਏ। ਸਾਡਾ ਨਿਸ਼ਾਨਾ ਸਰਮਾਏਦਾਰੀ ਪ੍ਰਬੰਧ ਦਾ ਸੁਧਾਰ ਕਰਕੇ ਸਹੂਲਤਾਂ ਲੈਣਾ ਨਹੀਂ, ਸਗੋਂ ਇਸ ਪ੍ਰਬੰਧ ਨੂੰ ਬਦਲਕੇ ਬੁਨਿਆਦੀ ਹੱਕ ਲੈਣਾ ਹੈ। ਸਰਮਾਏਦਾਰੀ ਪ੍ਰਬੰਧ ਪੈਸੇ ਦੀ ਸਰਦਾਰੀ ਦਾ ਹੈ। ਪੈਸਾ ਜਿਹੜਾ ਦੇਸ਼ ਦੇ ਵੱਡੇ ਤੋਂ ਵੱਡੇ ਖਿਡਾਰੀ ਨੂੰ ਵੀ ਖ਼ਰੀਦ ਸਕਦਾ ਹੈ। ਸਾਰੀ ਨੈਤਿਕਤਾ ਨੂੰ ਖਰੀਦ ਸਕਦਾ ਹੈ ਇਖ਼ਲਾਕ ਨੂੰ ਖਰੀਦ ਸਕਦਾ ਹੈ।

ਮਾਨਵਵਾਦੀ ਦ੍ਰਿਸ਼ਟੀ ਤੋਂ ਇਹ ਪ੍ਰਬੰਧ ਗ਼ੈਰ ਮਨੁੱਖੀ ਹੈ। ਇਸਦਾ ਖ਼ਾਤਮਾ ਮਨੁੱਖ ਦੇ ਹਿੱਤ ਵਿਚ ਹੈ, ਇਹ ਅਸੀਂ ਸਾਬਤ ਕਰਨਾ ਹੈ ਅਤੇ ਲੋਕਾਂ ਨੂੰ ਇਸ ਬਾਰੇ ਚੇਤਨ ਕਰਨਾ ਹੈ, ਇਹ ਸਾਡੇ ਲਈ ਚੁਣੌਤੀ ਹੈ।